(Punjabi)

# ਗੁਆਂਗਡੌਂਗ ਸਕੀਮ ਅਤੇ ਫੁਜੀਆਨ ਸਕੀਮ

**ਸਮਾਜਿਕ ਸੁਰੱਖਿਆ ਭੱਤਾ ਸਕੀਮ ਦੇ ਤਹਿਤ** ਗੁਆਂਗਡੌਂਗ ਸਕੀਮ ਅਤੇ ਫੁਜੀਆਨ ਸਕੀਮ ਵਿੱਚ ਬੁਢਾਪਾ ਸੰਬੰਧੀ ਭੱਤਾ ਅਤੇ ਬੁਢਾਪਾ ਕੱਟਣ ਸੰਬੰਧੀ ਭੱਤਾ ਸ਼ਾਮਲ ਹੈ, ਜਿਸ ਦੇ ਤਹਿਤ ਉਹਨਾਂ ਯੋਗ ਵਸਨੀਕਾਂ ਨੂੰ ਮਹੀਨਾਵਾਰ ਭੱਤਾ ਪ੍ਰਦਾਨ ਕੀਤਾ ਜਾਂਦਾ ਹੈ ਜਿਨ੍ਹਾਂ ਨੇ ਗੁਆਂਗਡੌਂਗ (ਸਿਰਫ ਗੁਆਂਗਡੋਂਗ ਸਕੀਮ ਲਈ ਲਾਗੂ) ਵਿੱਚ ਜਾਂ ਫੁਜੀਆਨ (ਸਿਰਫ ਫੁਜੀਆਨ ਸਕੀਮ ਲਈ ਲਾਗੂ) ਵਿੱਚ ਰਹਿਣ ਦੀ ਚੋਣ ਕੀਤੀ। ਬੁਢਾਪਾ ਭੱਤਾ ਹਾਂਗਕਾਂਗ ਦੇ ਉਨ੍ਹਾਂ ਵਸਨੀਕਾਂ, ਜਿਨ੍ਹਾਂ ਦੀ ਉਮਰ 70 ਸਾਲ ਜਾਂ ਉਸਤੋਂ ਵੱਧ ਹੈ, ਉਨ੍ਹਾਂ ਦੀ ਬੁਢਾਪੇ ਤੋਂ ਪੈਦਾ ਹੋਣ ਵਾਲੀ ਖਾਸ ਜਰੂਰਤਾਂ ਨੂੰ ਪੂਰਾ ਕਰਨ ਲਈ ਗੈਰ-ਸਾਧਨ ਪਰੀਖਿਆ ਦੇ ਆਧਾਰ ਤੇ ਮਹੀਨਾਵਾਰ ਭੱਤਾ ਪ੍ਰਦਾਨ ਕਰਨ ਲਈ ਡਿਜ਼ਾਇਨ ਕੀਤਾ ਗਿਆ ਹੈ। ਬੁਢਾਪਾ ਕੱਟਣ ਸੰਬੰਧੀ ਭੱਤਾ ਹਾਂਗਕਾਂਗ ਦੇ ਉਨ੍ਹਾਂ 65 ਸਾਲ ਜਾਂ ਉਸਤੋਂ ਵੱਧ ਉਮਰ ਦੇ ਵਸਨੀਕਾਂ ਦੇ ਗੁਜ਼ਾਰੇ ਸੰਬੰਧੀ ਖਰਚਿਆਂ ਨੂੰ ਪੂਰਾ ਕਰਨ ਲਈ ਮਹੀਨਾਵਾਰ ਇੱਕ ਖਾਸ ਭੱਤਾ ਪ੍ਰਦਾਨ ਕਰਨਾ ਹੈ ਜਿਨ੍ਹਾਂ ਨੂੰ ਵਿੱਤੀ ਸਹਾਇਤਾ ਦੀ ਲੋੜ ਹੈ ਅਤੇ ਜਿਨ੍ਹਾਂ ਦੀ ਆਮਦਨੀ ਅਤੇ ਜਾਇਦਾਦ ਨਿਰਧਾਰਿਤ ਸੀਮਾ ਤੋਂ ਵੱਧ ਨਹੀਂ ਹੈ।

## ਯੋਗਤਾ ਮਾਪਦੰਡ

ਇੱਕ ਬਿਨੇਕਾਰ ਗੁਆਂਗਡੋਂਗ ਸਕੀਮ ਜਾਂ ਫੁਜੀਆਨ ਸਕੀਮ ਦੇ ਤਹਿਤ ਭੱਤਾ ਪ੍ਰਾਪਤ ਕਰਨ ਯੋਗ ਹੁੰਦਾ ਹੈ, ਜੇਕਰ ਉਹ:

(a) ਹੇਠਾ ਲਿਖੀਆਂ ਰਿਹਾਇਸ਼ ਸੰਬੰਧੀ ਲੋੜਾਂ/ਜਰੂਰਤਾਂ ਨੂੰ ਪੂਰਾ ਕਰਦਾ/ਕਰਦੀ ਹੈ:

(1) ਉਹ ਘੱਟੋਂ ਘੱਟ ਪਿਛਲੇ ਸੱਤ ਸਾਲਾਂ ਤੋਂ ਹਾਂਗਕਾਂਗ ਦਾ ਵਸਨੀਕ ਹੋਣਾ ਚਾਹੀਦਾ/ਚਾਹੀਦੀ; ਅਤੇ

(2) ਉਸ ਲਈ ਅਰਜ਼ੀ ਦੇਣ ਦੀ ਤਾਰੀਖ ਤੋਂ ਤੁਰੰਤ ਪਿਹਲਾਂ ਘੱਟੋ ਘੱਟ ਇੱਕ ਸਾਲ ਲਈ ਲਗਾਤਾਰ ਹਾਂਗਕਾਂਗ ਵਿਖੇ ਰਿਹਾਇਸ਼ ਹੋਣੀ ਲਾਜਮੀ ਹੈ (ਇੱਕ ਸਾਲ ਦੀ ਮਿਆਦ ਦੌਰਾਨ ਹਾਂਗਕਾਂਗ ਤੋਂ ਵੱਧ ਤੋਂ ਵੱਧ 90 ਦਿਨਾਂ ਦੀ ਗੈਰ ਹਾਜਰੀ ਨੂੰ ਹਾਂਗਕਾਂਗ ਵਿਖੇ ਰਿਹਾਇਸ਼ ਹੀ ਮੰਨਿਆ ਜਾਵੇਗਾ)।

ਨੋਟ ਕਰੋ: (i) ਉਹ ਵਿਅਕਤੀ ਜਿਨ੍ਹਾਂ ਦੀ ਹਾਂਗਕਾਂਗ ਵਿਖੇ ਰਿਹਾਇਸ਼ ਗੈਰ ਕਾਨੂੰਨੀ ਹੈ ਜਾਂ ਜਿਨ੍ਹਾਂ ਨੂੰ ਹਾਂਗਕਾਂਗ ਵਿਖੇ ਰਿਹਾਇਸ਼ ਦੇ ਉਦੇਸ਼ ਤੋਂ ਇਲਾਵਾ (ਉਦਾਹਰਣ ਲਈ, ਆਯਾਤ ਕੀਤੇ ਵਰਕਰ ਜਾਂ ਸੈਲਾਨੀ) ਕਿਸੇ ਹੋਰ ਉਦੇਸ਼ ਨਾਲ ਰਹਿਣ ਦੀ ਇਜਾਜ਼ਤ ਦਿੱਤੀ ਗਈ ਹੈ, ਉਹਨਾਂ ਨੂੰ ਸਕੀਮ ਤੋਂ ਬਾਹਰ ਰਖਿਆ ਗਿਆ ਹੈ।

(ii) ਇਹ ਨਿਰਧਾਰਤ ਕਰਨ ਲਗੀਆਂ ਕਿ ਬਿਨੈਕਾਰ ਅਰਜ਼ੀ ਦੇਣ ਦੀ ਤਾਰੀਖ ਤੋਂ ਤੁਰੰਤ ਪਿਹਲਾਂ ਘੱਟੋਂ ਘੱਟ ਇੱਕ ਸਾਲ ਲਈ ਲਗਾਤਾਰ ਹਾਂਗਕਾਂਗ ਵਿਖੇ ਰਿਹਾ ਹੈ ਜਾਂ ਨਹੀਂ, ਇੱਕ ਸਾਲ ਦੀ ਮਿਆਦ ਦੌਰਾਨ ਹਾਂਗਕਾਂਗ ਤੋਂ ਬਾਹਰ ਕੀਤੇ ਭੁਗਤਾਨਸ਼ੁਦਾ ਕੰਮ ਦੀ ਵਜ੍ਹਾ ਨਾਲ ਹੋਈ ਗੈਰ ਹਾਜ਼ਰੀ ਨੂੰ ਅਨਿਡਠ ਕਰਨ ਬਾਰੇ ਿਵਚਾਰ ਕੀਤਾ ਜਾ ਸਕਦਾ ਹੈ, ਬਸ਼ਰਤੇ ਇਸਦੇ ਲਈ ਉਚਿਤ ਦਸਤਾਵੇਜ਼ੀ ਸਬੂਤ ਪੇਸ਼ ਕੀਤਾ ਜਾਵੇ। ਜਿਥੇ ਇੱਕ ਬਿਨੈਕਾਰ ਹਾਂਗਕਾਂਗ ਤੋਂ ਬਾਹਰ ਡਾਕਟਰੀ ਇਲਾਜ ਪ੍ਰਾਪਤ ਕਰਨ ਦੀ ਲੋੜਕਰਕੇ ਇੱਕ ਸਾਲ ਦੀ ਮਿਆਦ ਦੌਰਾਨ 90 ਦਿਨਾਂ ਲਈ ਹਾਂਗਕਾਂਗ ਤੋਂ ਗੈਰ-ਹਾਜ਼ਰ ਰਿਹਾ ਹੋਵੇ, ਉਸ ਸਿਥਤੀ ਵਿੱਚ ਸਮਾਜ ਕਿਲਆਨ ਿਵਭਾਗ ਦੇ ਡਾਇਰੈਕਟਰ, ਉਸ ਵਿਅਕਤੀ ਲਈ 90 ਦਿਨਾਂ ਦੀ ਸੀਮਾਂ ਤੋਂ ਵੱਧ ਸਮੇਂ ਦੀ ਗੈਰ ਹਾਜ਼ਰੀ ਨੂੰ ਆਪਣੀ ਸੂਝ ਮੁਤਾਬਕ ਅਨਿਡਠ ਕਰਨ ਬਾਰੇ ਵਿਚਾਰ ਕਰ ਸਕਦੇ ਹਨ, ਬਸ਼ਰਤੇ ਕਿ ਹਾਂਗਕਾਂਗ ਦੇ ਬਾਹਰ ਪ੍ਰਾਪਤ ਕੀਤੇ ਗਏ ਡਾਕਟਰੀ ਇਲਾਜ ਦਾ ਕਾਰਨ ਅਤੇ ਸਬੂਤ ਸਥਾਪਤ ਕੀਤਾ ਜਾ ਸਕੇ।

(iii) ਹਾਂਗਕਾਂਗ ਤੋਂ ਗੈਰ ਹਾਜਰੀ ਦਾ ਮਤਲਬ ਹੈ ਮੈਨ੍ਲੈਂਡ, ਮਕਾਓ ਜਾਂ ਵਿਦੇਸ਼ੀ ਦੇਸ਼ਾਂ/ ਖੇਤਰਾਂ ਵਿੱਚ ਜਾਣ ਲਈ ਹਾਂਗਕਾਂਗ ਛਡਣਾ।

(b) ਭੁਗਤਾਨ ਪ੍ਰਾਪਤ ਕਰਨ [ਪ੍ਰਾਪਤ ਕਰਨ ਵਾਲੇ ਨੂੰ ਗੁਆਂਗਡੌਂਗ ਸਕੀਮ/ ਫੁਜੀਆਨ ਸਕੀਮ ਦੇ ਤਹਿਤ ਪੂਰੇ ਸਾਲ ਦੇ ਭੱਤੇ ਦਾ ਭੁਗਤਾਨ ਪ੍ਰਾਪਤ ਕਰਨ ਲਈ ਭੁਗਤਾਨ ਵਾਲੇ ਸਾਲ ਵਿੱਚ ਘੱਟੋਂ ਘਟ 60 ਦਿਨਾਂ ਲਈ ਗੁਆਂਗਡੌਂਗ (ਸਿਰਫ ਗੁਆਂਗਡੋਂਗ ਸਕੀਮ ਲਈ ਲਾਗੂ)/ ਫੁਜੀਆਨ (ਸਿਰਫ ਫੁਜੀਆਨ ਸਕੀਮ ਲਈ ਲਾਗੂ) ਵਿੱਚ ਰਹਿਣ ਦੀ ਜਰੂਰਤ ਹੋਵੇਗੀ] ਦੇ ਦੌਰਾਨ ਗੁਆਂਗਡੌਂਗ (ਸਿਰਫ ਗੁਆਂਗਡੋਂਗ ਸਕੀਮ ਲਈ ਲਾਗੂ)/ ਫੁਜੀਆਨ (ਸਿਰਫ ਫੁਜੀਆਨ ਸਕੀਮ ਲਈ ਲਾਗੂ) ਵਿਖੇ ਰਹਿਣਾ ਜਾਰੀ ਰਖਦਾ/ਰਖਦੀ ਹੈ;

(c) ਜੇ ਉਹ ਵਿਅਕਤੀ ਸਰਕਾਰੀ ਕਿਰਾਏ ਵਾਲੇ ਮਕਾਨ ਦਾ ਇੱਕ ਅਧਿਕਾਰਿਤ ਕਿਰਾਏਦਾਰ ਹੈ, ਤਾਂ ਉਸਨੂੰ ਹਾਂਗਕਾਂਗ ਛਡਣ ਤੋਂ ਪਹਿਲਾਂ ਆਪਣੇ ਸਰਕਾਰੀ ਕਿਰਾਏ ਵਾਲੇ ਮਕਾਨ ਦੀ ਇਕਾਈ ਨੂੰ ਛਡਣਾ ਪਵੇਗਾ ਜਾਂ ਕਿਰਾਏਦਾਰੀ ਵਿਚੋਂ ਆਪਣਾ ਨਾਮ ਮਿਟਾਉਣਾ ਪਵੇਗਾ;

(d) ਸਮਾਜਿਕ ਸੁਰਖਿਆ ਭੱਤਾ ਸਕੀਮ ਦੇ ਤਹਿਤ ਕੋਈ ਹੋਰ ਭੱਤਾ ਜਾਂ ਵਿਆਪਕ ਸਮਾਜਿਕ ਸੁਰਖਿਆ ਸਹਾਇਤਾ ਸਕੀਮ ਦੇ ਤਹਿਤ ਮਦਦ ਪ੍ਰਾਪਤ ਨਹੀਂ ਕਰ ਰਿਹਾ/ਰਹੀ ਹੈ;

(e) ਕਾਨੂੰਨੀ ਤੌਰ ਤੇ ਹਿਰਾਸਤ ਵਿੱਚ ਜਾਂ ਕਿਸੇ ਦੰਡਾਤਮਕ ਸੰਸਥਾ ਵਿੱਚ ਦਾਖਲ ਨਹੀਂ ਕੀਤਾ ਗਿਆ/ਗਈ ਹੈ; ਅਤੇ

(f) ਵਿਅਕਤੀਗਤ ਭੱਤੇ ਲਈ ਹੇਠ ਦਿੱਤੇ ਲੋੜੀਂਦੇ ਯੋਗਤਾ ਮਾਪਦੰਡ ਪੂਰੇ ਕਰਦਾ/ਕਰਦੀ ਹੈ:

(1) ਬੁਢਾਪਾ ਸੰਬੰਧੀ ਭੱਤਾ

- ਉਸ ਦੀ ਉਮਰ 70 ਸਾਲ ਜਾਂ ਇਸ ਤੋਂ ਵੱਧ ਹੈ।

(2) ਬੁਢਾਪਾ ਕੱਟਣ ਸੰਬੰਧੀ ਭੱਤਾ

- ਉਸਦੀ ਉਮਰ 65 ਸਾਲ ਜਾਂ ਇਸ ਤੋਂ ਵੱਧ ਹੈ; ਅਤੇ
- ਉਸ ਵਿਅਕਤੀ ਅਤੇ/ ਜਾਂ ਉਸਦੇ ਪਤੀ/ਪਤਨੀ/ਸਹਿ-ਅਵਾਸੀ ਸਾਥੀ (ਜੇਕਰ ਲਾਗੂ ਹੋਵੇ ਤਾਂ) ਥਲੇ ਨੋਟ ਵੇਖੋ ਦੀ ਮਹੀਨਾਵਾਰ ਆਮਦਨ ਅਤੇ ਸੰਪੱਤੀ ਨਿਰਧਾਰਿਤ ਕੀਤੀਆਂ ਸੀਮਾਵਾਂ ਤੋਂ ਵੱਧ ਨਹੀਂ ਹੋਣੀ ਚਾਹੀਦੀ।

ਨੋਟ ਕਰੋ: ਜੇ ਬਿਨੈਕਾਰ ਦੀ ਵਿਵਾਹਕ ਸਥਿਤੀ "ਕਦੇ ਵਿਆਹ ਨਹੀ ਕੀਤਾ", "ਅਲਗਾਵ", "ਤਲਾਕਸ਼ੁਦਾ" ਜਾਂ "ਵਿਧਵਾ" ਹੈ, ਤਾਂ ਉਸ ਨੂੰ ਸਿਰਫ ਆਪਣੇ ਨਿੱਜੀ ਵੇਰਵੇ ਅਤੇ ਉਸਦੀ ਆਪਣੀ ਆਮਦਨ ਅਤੇ ਸੰਪੰਤੀ ਬਾਰੇ ਜਾਣਕਾਰੀ ਦੇਣ ਦੀ ਲੋੜ ਹੈ। ਜੇਕਰ ਬਿਨੈਕਾਰ ਦੀ ਵਿਵਾਹਕ ਸਥਿਤੀ "ਸ਼ਾਦੀਸ਼ੁਦਾ" ਜਾਂ "ਸਹਿ-ਆਵਾਸੀ" ਹੈ, ਤਾਂ ਬਿਨੈਕਾਰ ਲਈ ਲੋੜੀਂਦਾ ਹੈ ਕਿ ਉਹ ਆਪਣੇ ਜੀਵਨਸਾਥੀ/ਸਹਿ-ਆਵਾਸੀ ਸਾਥੀ ਦੇ ਨਿੱਜੀ ਵੇਰਵੇ ਅਤੇ ਉਹਨਾਂ ਦੀ ਆਮਦਨ ਅਤੇ ਸੰਪਤੀ ਬਾਰੇ ਜਾਣਕਾਰੀ ਪ੍ਰਦਾਨ ਕਰੇ।

[*ਸਿਰਫ ਉਨ੍ਹਾਂ ਮਾਮਲਿਆਂ ਲਈ ਲਾਗੂ ਹੁੰਦਾ ਹੈ ਜਿਸ ਵਿੱਚ ਬਿਨੈਕਾਰ (i) ਵਰਤਮਾਨ ਵਿੱਚ ਇੱਕੋ ਘਰ ਅੰਦਰ ਆਪਣੇ ਸਹਿ-ਅਵਾਸੀ ਸਾਥੀ ਨਾਲ ਰਹਿੰਦੇ ਹਨ; (ii) ਸਹਿ-ਅਵਾਸੀ ਸਾਥੀ ਨਾਲ ਸਾਂਝੇ ਕੀਤੇ ਜਾਣ ਵਾਲੇ ਸਰੋਤਾਂ ਦੇ ਆਧਾਰ ਤੇ ਨਾਲ ਰਹਿੰਦੇ ਹਨ; ਅਤੇ (iii) SWD ਨੂੰ ਸਹਿ-ਅਵਾਸੀ ਸਾਥੀ ਦੀ ਨਿੱਜੀ ਅਤੇ ਵਿੱਤੀ ਜਾਣਕਾਰੀ ਦੇਣ ਲਈ ਰਾਜ਼ੀ ਹਨ, ਭਾਵੇਂ ਬਿਨੈਕਾਰ ਦਾ ਸਹਿ-ਅਵਾਸੀ ਸਾਥੀ ਮੌਜੂਦਾ ਸਮੇਂ ਵਿੱਚ ਬੁਢਾਪਾ ਕੱਟਣ ਸੰਬੰਧੀ ਭੱਤਾ/ਹੋਰ ਭੱਤਾ ਪ੍ਰਾਪਤ ਕਰ ਰਿਹਾ ਹੈ ਜਾਂ ਨਹੀ। ਅਜਿਹੀ ਅਰਜ਼ੀ ਦਾ "ਸ਼ਾਦੀਸ਼ੁਦਾ ਜੋੜਿਆਂ ਲਈ ਵਿੱਤੀ ਸਰੋਤ ਸਿਮਾਂਵਾਂ" ਦੇ ਆਧਾਰ ਤੇ ਸਾਧਨ ਜਾਂਚ ਮੁਲਾਂਕਣ ਕੀਤਾ ਜਾਵੇਗਾ।]

## ਅਰਜ਼ੀ ਕਿਵੇਂ ਦੇਣੀ ਹੈ

ਬਿਨੈਕਾਰਾਂ ਨੂੰ ਹਾਂਗਕਾਂਗ ਵਿੱਚ ਨਿਜ਼ੀ ਤੌਰ ਤੇ ਅਰਜ਼ੀ ਪ੍ਰਕ੍ਰਿਆਵਾਂ ਨੂੰ ਪੂਰਾ ਕਰਨਾ ਚਾਹੀਦਾ ਹੈ, ਅਤੇ ਉਸ ਤੋਂ ਪਹਿਲਾਂ ਬਿਨੈਕਾਰਾਂ ਨੂੰ ਡਾਕ ਦੇ ਜਰਿਏ ਜਾਂ ਨਿਜ਼ੀ ਤੌਰ ਤੇ ਸਮਾਜਿਕ ਸੁਰਖਿਆ ਖੇਤਰ ਦੀ ਇਕਾਈ (ਗੁਆਂਗਡੋਂਗ ਸਕੀਮ ਅਤੇ ਫੁਜੀਆਨ ਸਕੀਮ)ਵਿੱਚ ਦੋ ਹਾਲਿਆ ਫੋਟੋਆਂ ਅਤੇ ਸਾਰੇ ਢੁਕਵੇਂ ਸਮਰਥਕ ਦਸਤਾਵੇਜਾਂ ਦੀਆਂ ਫੋਟੋਕਾਪੀਆਂ ਦੇ ਨਾਲ "ਗੁਆਂਗਡੋਂਗ ਸਕੀਮ ਅਤੇ ਫੁਜੀਆਨ ਸਕੀਮ ਅਰਜ਼ੀ ਫਾਰਮ"ਨੂੰ ਪੂਰਾ ਭਰ ਕੇ ਵਾਪਸ ਜਮਾਂ ਕਰਨਾ ਹੈ। ਬਿਨੈਕਾਰ ਔਨਲਾਈਨ ਫਾਰਮ ਰਾਹੀਂ ਵੀ ਅਰਜ਼ੀ ਦੇ ਸਕਦੇ ਹਨ। "ਗੁਆਂਗਡੋਂਗਸਕੀਮ ਅਤੇ ਫੁਜੀਆਨ ਸਕੀਮ ਅਰਜ਼ੀ ਫਾਰਮ" ਅਤੇ ਗਾਇਡੈਂਸ ਲਈ ਨੋਟਸ ਸਮਾਜ ਕਲਿਆਨ ਵਿਭਾਗ ਦੀ ਗੁਆਂਗਡੋਂਗ ਸਕੀਮ ਵੈਬਸਾਈਟ (www.swd.gov.hk/gds) ਜਾਂ ਫੁਜੀਆਨ ਸਕੀਮ ਵੈਬਸਾਈਟ (www.swd.gov.hk/fjs) ਤੋਂ ਡਾਉਨਲੋਡ ਕੀਤੇ ਜਾ ਸਕਦੇ ਹਨ ਜਾਂ ਕਿਸੇ ਸਮਾਜਿਕ ਸੁਰਖਿਆ ਖੇਤਰ ਦੀ ਇਕਾਈ (ਗੁਆਂਗਡੋਂਗ ਸਕੀਮ ਅਤੇ ਫੁਜੀਆਨ ਸਕੀਮ) ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ। ਬਿਨੈਕਾਰ ਸਮਾਜਿਕ ਸੁਰਖਿਆ ਖੇਤਰ ਦੀ ਇਕਾਈ ਤੋਂ ਆਵੇਦਨ ਫਾਰਮ ਅਤੇ ਗਾਇਡੈਂਸ ਨੋਟਸ ਫੋਨ ਜਾਂ ਡਾਕ ਦੇ ਜਰਿਏ ਭੀ ਪ੍ਰਾਪਤ ਕਰ ਸਕਦੇ ਹਨ।

ਅਰਜ਼ੀ ਪ੍ਰਾਪਤ ਹੋਣ ਤੋਂ ਬਾਦ ਸਮਾਜ ਕਲਿਆਨ ਵਿਭਾਗ ਸਮਾਜਿਕ ਸੁਰਖਿਆ ਖੇਤਰ ਦੀ ਇਕਾਈ (ਗੁਆਂਗਡੋਂਗ ਸਕੀਮ ਅਤੇ ਫੁਜੀਆਨ ਸਕੀਮ)ਵਿੱਚ ਬਿਨੈਕਾਰ ਦੇ ਨਾਲ ਇੰਟਰਵਿਊ ਲੈਣ ਦੀ ਵਿਵਸਥਾ ਕਰੇਗਾ। ਨਿਰਧਾਰਿਤ ਇੰਟਰਵਿਊ ਵਿੱਚ ਭਾਗ ਲੈਣ ਲਈ ਬਿਨੈਕਾਰਾਂ ਨੂੰ ਢੁਕਵੇਂ ਸਮਰਥਕ ਦਸਤਾਵੇਜਾਂ ਦੀ ਅਸਲ ਨਾਲ ਲਾਣ ਦੀ ਜਰੂਰਤ ਹੈ।

ਜਿਹੜੇ ਬਿਨੈਕਾਰ ਪਹਿਲਾਂ ਹੀ ਗੁਆਂਗਡੋਂਗ (ਸਿਰਫ ਗੁਆਂਗਡੋਂਗਸਕੀਮ ਤੇ ਲਾਗੂ)/ ਫੁਜੀਆਨ (ਸਿਰਫ ਫੁਜੀਆਨ ਯੋਜਨਾ ਤੇ ਲਾਗੂ)ਵਿੱਚ ਸੈਟਲ ਹੋ ਚੁਕੇ ਹਨ ਅਤੇ ਜਨਤਕ ਹਸਪਤਾਲ/ਕਲੀਨਿਕ ਦੁਆਰਾ ਮੇਡਿਕਲ ਪ੍ਰੂਫ ਪੇਸ਼ ਕੀਤੇ ਜਾ ਸਕਦੇ ਹਨ ਜੋ ਇਹ ਵਿਖਾਂਦਾ ਹੈ ਕਿ ਉਹ ਸਵਾਸਥ ਸਥਿਤੀ ਦੇ ਕਾਰਨ ਅਰਜ਼ੀ ਲਈ ਹਾਂਗਕਾਂਗ ਆਣ ਦੇ ਕਾਬਿਲ ਨਹੀਂ ਹਨ, ਤਾਂ ਸਮਾਜ ਕਲਿਆਨ ਵਿਭਾਗ ਆਪਣੇ ਏਜੇਂਟ ਨੂੰ ਅਰਜ਼ੀ ਪ੍ਰਕ੍ਰਿਆ ਪੂਰੀ ਕਰਨ ਵਿੱਚ ਬਿਨੈਕਾਰਾਂ ਦੀ ਮਦਦ ਕਰਨ ਦੀ ਬੇਨਤੀ ਕਰੇਗਾ।

ਨੋਟ ਕਰੋ:
ਸਮਾਜ ਕਲਿਆਨ ਵਿਭਾਗ ਭੱਤੇ ਲਈ ਬਿਨੈਕਾਰ ਦੀ ਯੋਗ ਉਮਰ (ਜਿਹੜਾ 65ਵਾਂ ਤੋਂ 70ਵਾਂ ਜਨਮਦਿਨ) ਤੱਕ ਪੰਹੁਚਨ ਤੋਂ ਇੱਕ ਮਹੀਨੇ ਪਹਿਲਾਂ ਦੀ ਮਿਆਦ ਦੌਰਨ ਗੁਆਂਗਡੋਂਗਸਕੀਮ/ ਫੁਜੀਆਨ ਸਕੀਮ ਦੇ ਤਹਿਤ ਭੱਤੇ ਲਈ ਅਰਜ਼ੀ ਸਵੀਕਾਰ ਕਰਦਾ ਹੈ। ਇਸ ਵਿਵਸਥਾ ਦੇ ਤਹਿਤ, ਬੁਢਾਪਾ ਕੱਟਣ ਸੰਬੰਧੀ ਭੱਤਾ / ਬੁਢਾਪਾ ਸੰਬੰਧੀ ਭੱਤਾ ਲਈ ਭੁਗਤਾਨ ਦੀ ਗਿਣਤੀ ਉਸ ਤਾਰੀਖ ਤੋਂ ਕੀਤੀ ਜਾਵੇਗੀ ਜਿਸ ਤਾਰੀਖ ਨੂੰ ਬਿਨੈਕਾਰ ਯੋਗ ਉਮਰ ਦਾ ਹੋ ਜਾਂਦਾ ਹੈ ਅਤੇ ਸਾਰੇ ਯੋਗਤਾ ਮਾਪਦੰਡ ਪੂਰੇ ਕਰਦਾ ਹੈ।

## ਪੁਛਗਿਛ

ਗੁਆਂਗਡੋਂਗ-ਸਕੀਮ ਜਾਂ ਫੁਜੀਆਨ ਸਕੀਮ ਬਾਰੇ ਜਿਆਦਾ ਜਾਣਕਾਰੀ ਪਾਨ ਲਈ ਕਿਰਪਾ ਕਰਕੇ ਗੁਆਂਗਡੋਂਗ-ਸਕੀਮ ਵੈਬਸਾਈਟ (www.swd.gov.hk/gds) ਜਾਂ ਫੁਜੀਆਨ ਸਕੀਮ ਵੈਬਸਾਈਟ (www.swd.gov.hk/fjs) ਤੇ ਜਾਉ। ਗੁਆਂਗਡੋਂਗ ਸਕੀਮ ਜਾਂ ਫੁਜੀਆਨ ਸਕੀਮ ਦੇ ਬਾਰੇ ਪੁਛਗਿਛ ਕਰਨ

ਲਈ ਗੁਆਂਗਡੋਂਗਸਕੀਮ ਅਤੇ ਫੁਜੀਆਨ ਸਕੀਮ ਦੀ ਫੋਨ ਲਾਈਨ 3105 3266 ਤੇ ਸੰਪਰਕ ਕਰ ਸਕਦੇ ਹੋ।

**ਸਤੰਬਰ 2023**

# Guangdong Scheme and Fujian Scheme

The Guangdong Scheme and Fujian Scheme under the Social Security Allowance Scheme comprise Old Age Allowance and Old Age Living Allowance to provide monthly allowance for eligible Hong Kong residents who choose to reside in Guangdong (only applicable to Guangdong Scheme) or Fujian (only applicable to Fujian Scheme). Old Age Allowance is designed to provide a monthly allowance on a non-means-tested basis to Hong Kong residents who are 70 years of age or above to meet their special needs arising from old age. Old Age Living Allowance is to provide a special allowance per month to supplement the living expenses of Hong Kong residents aged 65 or above who are in need of financial support and having income and assets not exceeding the prescribed limits.

## Eligibility Criteria

An applicant is eligible for an allowance under the Guangdong Scheme/Fujian Scheme if he/she:

(a) satisfies the following residence requirements:

(1) he/she must have been a Hong Kong resident for at least seven years; and

(2) he/she must have resided in Hong Kong continuously for at least one year immediately before the date of application (absence from Hong Kong up to a maximum of 90 days during the one-year period is treated as residence in Hong Kong).

Note: (i) Persons whose presence in Hong Kong is unlawful or persons who are permitted to stay in Hong Kong for a purpose other than residence (for example, imported workers or visitors) are excluded from the Scheme.

(ii) In determining whether an applicant has resided in Hong Kong continuously for at least one year immediately before the date of application, consideration can be given to disregarding absences arising from paid work outside Hong Kong during the one-year period, subject to there being sufficient documentary proof. Where an applicant has been absent from Hong Kong for more than 90 days during the one-year period because of the need to receive medical treatment outside Hong Kong, the Director of Social Welfare can consider exercising his discretion to disregard the absences exceeding the 90-day limit, subject to the reason for and evidence of receiving medical treatment outside Hong Kong being established.

(iii) Absence from Hong Kong means leaving Hong Kong for the Mainland, Macao or overseas countries/territories.

(b) continues to reside in Guangdong (only applicable to Guangdong Scheme)/Fujian (only applicable to Fujian Scheme) during receipt of allowance [a recipient under the Guangdong Scheme/Fujian Scheme will be required to reside in Guangdong (only applicable to Guangdong Scheme)/Fujian (only applicable to Fujian Scheme) for at least 60 days within a payment year for obtaining a full-year payment of allowance];

(c) should surrender his/her public rental housing unit or delete his/her name from the tenancy before leaving Hong Kong if he/she is an authorised public rental housing tenant;

(d) is not in receipt of any other allowance under the Social Security Allowance Scheme or assistance under the Comprehensive Social Security Assistance Scheme;

(e) is not being detained in legal custody or admitted to a penal institution; and

(f) fulfils the following eligibility criteria required by the individual allowance:

(1) Old Age Allowance

- he/she is aged 70 or above.

(2) Old Age Living Allowance

- he/she is aged 65 or above; and
- he/she and/or his/her spouse/cohabiting partner (if applicable) [see note below] has/have a monthly income and assets not exceeding the prescribed limits.

Note: If an applicant's marital status is "Never Married", "Separated", "Divorced" or "Widowed", he/she is only required to provide his/her personal particulars and information on his/her own income and assets. If an applicant's marital status is "Married" or "Cohabiting*", the applicant is required to provide his/her spouse's/cohabiting partner's personal particulars and information on income and assets.

[*Only applicable to cases where the applicant (i) is currently living with a cohabiting partner in the same household; (ii) is living on shared resources with the cohabiting partner; and (iii) agrees to provide the personal and financial information of the cohabiting partner to the SWD, regardless of whether the applicant's cohabiting partner is/is not currently receiving the Old Age Living Allowance/other allowance. Such application will be subject to the means test assessment based on the "Financial Resource Limits for Married Couples".]

## How to Apply

Applicants must complete the application procedures in person in Hong Kong, prior to which applicants are required to return the completed "Guangdong Scheme and Fujian Scheme Application Form" together with two recent photos and photocopies of all relevant supporting documents to the Social Security Field Unit (Guangdong Scheme and Fujian Scheme) by post or in person first. Applicants can also make an application by online form. The "Guangdong Scheme and Fujian Scheme Application Form" and Guidance Notes can be downloaded from the Social Welfare Department's Guangdong Scheme

website (www.swd.gov.hk/gds) or Fujian Scheme website (www.swd.gov.hk/fjs) or obtained from any social security field units. Applicants can also obtain the Application Form and Guidance Notes from the Social Security Field Unit (Guangdong Scheme and Fujian Scheme) by phone or by post.

Upon receipt of an application, the Social Welfare Department will make arrangements for an interview with the applicant at the Social Security Field Unit (Guangdong Scheme and Fujian Scheme). Applicants need to bring along original copies of relevant documents when attending the scheduled interview.

For applicants who have already settled in Guangdong (only applicable to Guangdong Scheme)/Fujian (only applicable to Fujian Scheme) and can produce medical proof(s) issued by public hospital/clinic indicating that they may not be able to travel to Hong Kong for the application due to health condition, the Social Welfare Department will request its agent(s) to assist the applicants in completing the application procedures.

Note:
The Social Welfare Department accepts application for Old Age Living Allowance/Old Age Allowance under the Guangdong Scheme/Fujian Scheme within one month prior to the applicant's reaching the respective qualifying age (i.e. the $65^{th}$ or $70^{th}$ birthday) for the allowance. Under this arrangement, the payment of allowance will be calculated from the date of applicant fulfils the qualifying age and satisfies all the eligibility criteria.

## Enquiries

For more information about the Guangdong Scheme or Fujian Scheme, please visit the Guangdong Scheme website (www.swd.gov.hk/gds) or Fujian Scheme website (www.swd.gov.hk/fjs). Enquiries about the Guangdong Scheme or Fujian Scheme can be made to the Guangdong Scheme and Fujian Scheme Enquiry Line at 3105 3266.

**September 2023**